# ਖੱਟੇ ਫਲਾਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ ਪੈਪਸੀਕੋ ਯਤਨਸ਼ੀਲ-ਸੰਜੀਵ ਚੱਢਾ

ਜਲੰਧਰ, 25 ਅਪ੍ਰੈਲ (ਜਸਪਾਲ ਸਿੰਘ)-ਰਾਜ 'ਚ ਨਿੰਬੂ ਜਾਤੀ ਦੇ ਫਲਾਂ ਸੰਤਰੇ ਅਤੇ ਮਾਲਟੇ ਆਦਿ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ ਪੈਪਸੀਕੋ ਸਰਕਾਰ ਅਤੇ ਹੋਰਨਾਂ ਸੰਸਥਾਵਾਂ ਨਾਲ ਮਿਲ ਕੇ ਅਹਿਮ ਭੂਮਿਕਾ ਨਿਭਾਅ ਰਹੀ ਹੈ। ਇਹ ਪ੍ਰਗਟਾਵਾ ਅੱਜ ਇਥੇ ਪੈਪਸੀਕੋ ਦੇ ਸ੍ਰੀ ਸੰਜੀਵ ਚੱਢਾ ਨੇ ਇਕ ਪੱਤਰਕਾਰ ਸੰਮੇਲਨ 'ਚ ਕਰਦਿਆਂ ਦੱਸਿਆ ਕਿ ਪੰਜਾਬ 'ਚ ਇਨ੍ਹਾਂ ਫਲਾਂ ਦੀ ਕਾਸ਼ਤ ਨਾਲ ਕਿਸਾਨਾਂ ਨੂੰ ਹੋਰਨਾਂ ਰਵਾਇਤੀ ਫਸਲਾਂ ਦੇ ਮੁਕਾਬਲੇ ਵਧੇਰੇ ਮੁਨਾਫਾ ਤਾਂ ਹੋਵੇਗਾ ਹੀ ਸਗੋਂ ਇਸ ਦੀ ਕਾਸ਼ਤ ਰਵਾਇਤੀ ਝੋਨੇ ਅਤੇ ਕਣਕ ਦੇ ਫਸਲੀ ਚੱਕਰ 'ਚੋਂ ਕਿਸਾਨਾਂ ਨੂੰ ਬਾਹਰ ਕੱਢਣ 'ਚ ਵੀ ਅਹਿਮ ਭੂਮਿਕਾ ਨਿਭਾਏਗੀ। ਉਨ੍ਹਾਂ ਕਿਹਾ ਕਿ ਹਾਲਾਂਕਿ ਪੱਛਮੀ ਮੁਲਕਾਂ 'ਚ ਜੂਸ ਅਤੇ ਸੋਫਟ ਡ੍ਰਿੰਕਸ ਦੀ ਖਪਤ ਭਾਰਤ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ, ਪਰ ਹੁਣ ਦੇਸ਼ 'ਚ ਵੀ ਸੋਫਟ ਡ੍ਰਿੰਕਸ ਤੇ ਖਾਸ ਫਲਾਂ ਦੇ ਜੂਸ ਦੀ ਖਪਤ ਤੇਜ਼ੀ ਨਾਲ ਵਧ ਰਹੀ ਹੈ, ਜਿਸ ਤਰ੍ਹਾਂ ਬਾਜ਼ਾਰ 'ਚ ਹੋਰ ਅਨੇਕਾਂ ਕਿਸਮ ਦੇ ਜੂਸ ਉਪਲਬਧ ਹੋਣਗੇ ਤਾਂ ਉਸੇ ਤਰ੍ਹਾਂ ਹੀ ਲੋਕ ਆਪਣੇ ਮਨਪਸੰਦ ਦਾ ਜੂਸ ਤੇ ਡ੍ਰਿੰਕਸ ਚੁਣ ਸਕਣਗੇ। ਸ੍ਰੀ ਸੰਜੀਵ ਚੱਢਾ ਨੇ ਕਿਹਾ ਕਿ ਹੁਣ ਲੋਕ ਸਿਹਤ ਪ੍ਰਤੀ ਵਧੇਰੇ ਚੇਤੰਨ ਹੋ ਰਹੇ ਹਨ। ਇਸ ਲਈ ਇਨ੍ਹਾਂ ਦੀ ਖਪਤ ਵਧਣ ਦੀ ਬਹੁਤ ਸੰਭਾਵਨਾ ਹੈ। ਉਨ੍ਹਾਂ ਦੱਸਿਆ ਕਿ ਪੈਪਸੀਕੋ ਨੇ ਦੇਸ਼ 'ਚ ਕਿਸਾਨਾਂ ਦੇ ਆਰਥਿਕ ਤੇ ਸਮਾਜਿਕ ਤਰੱਕੀ ਦੀ ਦਿਸ਼ਾ 'ਚ ਕਈ ਠੋਸ ਕੋਸ਼ਿਸ਼ਾਂ ਕੀਤੀਆਂ ਹਨ। ਖੱਟੇ ਫਲਾਂ ਦੀ ਨਰਸਰੀ ਲਗਾ ਕੇ ਕਿਸਾਨਾਂ ਨਾਲ ਨੇੜੇ ਦਾ ਕਿਸ਼ਤਾ ਕਾਇਮ ਕੀਤਾ ਹੈ। ਇਸ ਤੋਂ ਇਲਾਵਾ ਕੰਪਨੀ ਨੇ ਬਾਸਮਤੀ ਚੌਲ, ਟਮਾਟਰ, ਮਿਰਚ, ਆਲੂ, ਮੂੰਗਫਲੀ ਤੇ ਮੱਕੀ ਦੀਆਂ ਉੱਨਤ ਕਿਸਮਾਂ ਵਿਕਸਿਤ ਕੀਤੀਆਂ। ਪਿੰਡ ਜੱਲੋਵਾਲ ਵਿਖੇ ਲਗਾਈ ਗਈ ਨਰਸਰੀ ਆਪਣੇ-ਆਪ 'ਚ ਇਕ ਮਿਸਾਲ ਹੈ। ਜਿਥੇ ਆਧੁਨਿਕ ਤਰੀਕੇ ਨਾਲ ਖੱਟੇ ਫਲਾਂ ਦੀ ਪਨੀਰੀ ਤੇ ਬੂਟੇ ਤਿਆਰ ਕੀਤੇ ਜਾ ਰਹੇ ਹਨ।



**ਪਿੰਡ ਜੱਲੋਵਾਲ ਵਿਖੇ ਸਥਿਤ ਪੈਪਸੀਕੋ ਦੀ ਨਰਸਰੀ ਵਿਖੇ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਸੰਜੀਵ ਚੱਢਾ। ਨਾਲ ਹਨ ਅਭੀ ਰਾਮ ਸੇਠੀ ਤੇ ਡਾ: ਕਾਹਲੋਂ।**

ਤਸਵੀਰ : ਅਰੋੜਾ